# ਜੇਮਸ ਵਾਟ ਕਾਲਜ ਵਿੱਚ ਇੱਕ ਨਿੱਘਾ ਸੁਆਗਤ ਤੁਹਾਡੀ ਉਡੀਕ ਕਰ ਰਿਹਾ ਹੈ

ਜੇਮਸ ਵਾਟ ਕਾਲਜ ਸਕਾਟਲੈਂਡ ਦੇ ਸਭ ਤੋਂ ਵੱਧ ਗਤੀਸ਼ੀਲ ਅਤੇ ਪ੍ਰਗਤੀਸ਼ੀਲ ਕਾਲਜਾਂ ਵਿਚੋਂ ਇੱਕ ਹੈ। ਤੁਹਾਡਾ ਪਿਛੋਕੜ ਤੁਹਾਡੇ ਟੀਚੇ, ਜਾਂ ਤੁਹਾਡੀਆਂ ਮੌਜੂਦਾ ਯੋਗਤਾਵਾਂ ਜੋ ਵੀ ਹੋਣ, ਅਸੀਂ ਤੁਹਾਨੂੰ ਜੀਵਨ ਲਈ ਸਿਖਿਆ ਲੈਣ ਲਈ ਤੁਹਾਡੀਆਂ ਕੁਸ਼ਲਤਾਵਾਂ, ਗਿਆਨ ਅਤੇ ਜਾਣਕਾਰੀ ਨੂੰ ਵੱਧ ਅਤੇ ਉਨ੍ਹਾਂ ਦਾ ਵਿਕਾਸ ਕਰਨ ਵਿੱਚ ਤੁਹਾਡੀ ਸਹਾਇਤਾ ਕਰਨ ਲਈ ਤੁਹਾਨੂੰ ਵਿਕਲਪਾਂ ਦੀ ਇੱਕ ਰੇਂਜ ਦੀ ਪੇਸ਼ਕਸ਼ ਕਰਦੇ ਹਾਂ।

ਜੇਮਸ ਵਾਟ ਕਾਲਜ ਵਿੱਚ ਅਸੀਂ ਤੁਹਾਨੂੰ ਉਹ ਸਾਰੀ ਸਹਾਇਤਾ ਅਤੇ ਹਿਮਾਇਤ, ਜਿਸਦੀ ਤੁਹਾਨੂੰ ਆਪਣੇ ਸਾਰੇ ਕੋਰਸ ਕਰਨ ਦੇ ਸਾਡੇ ਨਾਲ ਰਹਿਣ ਦੇ ਸਮੇਂ ਦੌਰਾਨ ਜ਼ਰੂਰਤ ਹੋਏਗੀ, ਮੁਹੱਈਆ ਕਰਨ ਵਿੱਚ ਮਦਦ ਕਰਨ ਦਾ ਉਦੇਸ਼ ਸਾਹਮਣੇ ਰੱਖਦੇ ਹਾਂ। ਆਪਣੀਆਂ ਸੰਭਾਵਨਾਵਾਂ ਨੂੰ ਪੂਰਾ ਕਰਨ ਅਤੇ ਨਵੀਆਂ ਕੁਸ਼ਲਤਾਵਾਂ ਅਤੇ ਕਾਰੀਗਰੀ ਦਾ ਵਿਕਾਸ ਕਰਨ ਦੌਰਾਨ, ਤੁਸੀਂ ਸਭ ਤਰ੍ਹਾਂ ਦੇ ਪਿਛੋਕੜਾਂ ਅਤੇ ਹਰ ਉਮਰ ਦੇ ਲੋਕਾਂ ਨੂੰ ਮਿਲੋਗੇ ਅਤੇ ਉਨ੍ਹਾਂ ਨਾਲ ਕੰਮ ਕਰੋਗੇ। ਤੁਸੀਂ ਕੋਰਸ ਦੇ ਦੌਰਾਨ, ਨਵੀਂ ਕਾਰੀਗਰੀ ਸਿੱਖੋਗੇ ਨਵੇਂ ਦੋਸਤ ਬਣਾਉਗੇ ਅਤੇ ਆਪਣੇ ਭਵਿੱਖ ਦੇ ਕੈਰੀਅਰ ਲਈ ਜਾਣਕਾਰੀ ਵੱਧ ਕਰਦਿਆਂ, ਸਵੈ-ਵਿਸ਼ਵਾਸ਼ ਹਾਸਲ ਕਰੋਗੇ।

### ਸਥਾਨਕ ਇਲਾਕਾ

ਸਕਾਟਲੈਂਡ ਦਾ ਪੱਛਮੀ ਸਾਹਿਲ, ਲਾਜਵਾਬ ਕੁਦਰਤੀ ਸੁੰਦਰਤਾ ਅਤੇ ਵਿਰਾਸਤ ਦਾ ਇਲਾਕਾ ਹੈ, ਅਤੇ ਜੇਮਸ ਵਾਟ ਕਾਲਜਾਂ ਦੇ ਸਾਰੇ ਕੈਂਪਸ ਇਥੇ ਹੀ ਸਥਿਤ ਹਨ। ਇਨਵਰ ਕਲਾਈਡ ਨਦੀ ਦੇ ਕਿਨਾਰੇ ਦੇ ਨਜ਼ਾਰਿਆਂ ਦੀ ਸੁੰਦਰਤਾ, ਇਸਦੇ ਸਮੁੰਦਰੀ ਇਤਿਹਾਸ ਅਤੇ ਸੱਨਅਤੀ ਅਤੀਤ ਤੋਂ ਉਤੱਰੀ ਆਇਰਸ਼ਾਇਰ (North Ayrshire) ਦੇ ਆਪਣੇ ਬੀਚਾਂ (ਸਮੁੰਦਰ ਦਾ ਰੇਤਲਾ ਕੰਢਾ) ਅਤੇ ਸਮੁੰਦਰ ਦੇ ਕਿਨਾਰੇ ਦੇ ਮਾਹੌਲ ਵਾਲੇ ਦਿਲ ਫ਼ਰੇਬ ਨਜ਼ਾਰਿਆਂ ਵਾਲਿਆਂ ਸਾਹਿਲੀ ਕਸਬਿਆਂ ਤਕ, ਸਾਰੇ ਹਰ ਇੱਕ ਕੈਂਪਸ ਦੀ ਲੋਕੇਸ਼ਨ ਦੇ ਆਪਣੇ ਅਨੋਖੇ ਆਕਰਸ਼ਣ ਹਨ। ਸਾਡੇ ਸਾਰੇ ਕੈਂਪਸਾਂ ਨੂੰ ਰੁਝੇ ਹੋਏ ਗਲਾਸਗੋ ਸ਼ਹਿਰ ਤੋਂ ਰੇਲ ਰਾਹੀਂ ਥੋੜਾ ਹੀ ਫਾਸਲਾ ਦੂਰ ਹੋਣ ਦਾ ਫ਼ਾਇਦਾ ਮਿਲਦਾ ਹੈ।

### ਸਾਡੇ ਵਿਦਿਆਰਥੀ

ਸਾਡੇ ਵਿਦਿਆਰਥੀ ਬਹੁਤ ਵਿਆਪਕ ਅਤੇ ਵੱਖਰੇ ਵੱਖਰੇ ਪਿਛੋਕੜਾਂ ਤੋਂ ਆਉਂਦੇ ਹਨ, ਜਿਨ੍ਹਾਂ ਵਿੱਚ ਉਹ ਲੋਕ ਵੀ ਸ਼ਾਮਿਲ ਹਨ ਜੋ ਬਹੁਤ ਸਾਲਾਂ ਤੋਂ ਸਿੱਖਿਆ ਤੋਂ ਦੂਰ ਰਹੇ ਹਨ, ਉਹ ਲੋਕ ਜੋ ਕੰਮ ਕਾਜ ਕਰਦੇ ਰਹੇ ਹਨ ਅਤੇ ਹੁਣ ਆਪਣੇ ਕੈਰੀਅਰ (ਪੇਸ਼ੇ) ਦੀ ਦਿਸ਼ਾ ਬਦਲਣ ਲਈ ਕੋਸ਼ਿਸ਼ ਕਰ ਰਹੇ ਹਨ, ਅਪਾਹਜ ਅਤੇ ਉਹ ਲੋਕ ਜਿਨ੍ਹਾਂ ਨੂੰ ਕੁਝ ਸਿੱਖਣ ਵਿੱਚ ਮੁਸ਼ਕਲਾਂ ਆਉਂਦੀਆਂ ਹਨ, ਸਕੂਲ ਛੱਡ ਕੇ ਜਾ ਚੁੱਕੇ ਅਤੇ ਉਹ ਬੇਰੋਜ਼ਗਾਰ ਲੋਕ ਜੋ ਨਵੀਆਂ ਦਿਲਚਸਪੀਆਂ ਦਾ ਵਿਕਾਸ ਕਰਨਾ ਚਾਹੁੰਦੇ ਹਨ ਜਾਂ ਜੋ ਆਪਣੇ ਕੰਮ ਕਾਜ ਦੇ ਮੌਕਿਆਂ ਨੂੰ ਵਧਾਉਣਾ ਚਾਹੁੰਦੇ ਹਨ।

- ਜੇਸਮ ਵਾਟ ਕਾਲਜ ਦੇ ਵਿਦਿਆਰਥੀ ਸਥਾਨਕ ਇਲਾਕੇ, ਪੂਰੇ ਸਕਾਟਲੈਂਡ, ਸਾਰੀ ਦੁਨੀਆ ਤੋਂ ਅਤੇ ਯੋਰਪ, ਚੀਨ, ਅਮਰੀਕਾ, ਮੱਧ ਏਸ਼ੀਆ ਵਰਗੇ ਦੂਰ ਦੇਸ਼ਾਂ ਅਤੇ ਦੂਰ ਦੁਰਾਡਲੇ ਪੂਰਬ ਤੋਂ ਆਉਂਦੇ ਹਨ।

- ਬਹੁਤ ਵਿਦਿਆਰਥੀ ਸਿੱਧਾ ਸਕੂਲ ਤੋਂ ਹੀ ਨਹੀਂ ਆਉਂਦੇ। ਅਸਲ ਵਿੱਚ ਪਿਛਲੇ ਸਾਲ ਜੇਮਸ ਵਾਟ ਕਾਲਜ ਦੇ ਵਿਦਿਆਰਥੀਆਂ ਵਿਚੋਂ ਲਗਭਗ ਅੱਧੇ ਵਿਦਿਆਰਥੀਆਂ ਦੀ ਉਮਰ 25 ਤੋਂ ਵੱਧ ਸਾਲਾਂ ਦੀ ਸੀ ਅਤੇ 16 ਸਾਲ ਦੇ ਵਿਦਿਆਰਥੀਆਂ ਨਾਲ 70 ਸਾਲ ਦੀ ਉਮਰ ਦੇ ਵਿਦਿਆਰਥੀ ਵੀ ਸਨ।

### ਸਟੂਡੈਂਟ ਐਸੋਸਿਏਸ਼ਨ (ਵਿਦਿਆਰਥੀ ਐਸੋਸਿਏਸ਼ਨ)

ਵਿਦਿਆਰਥੀ ਹੋਣ ਦਾ ਅਰਥ ਸਿਰਫ ਸਿੱਖਿਆ ਅਤੇ ਸਿੱਖਲਾਈ ਲੈਣ ਤੋਂ ਕਿਤੇ ਵੱਧ ਹੁੰਦਾ ਹੈ। ਕਾਲਜ ਦੀ ਇੱਕ ਸਰਗਰਮ ਅਤੇ ਜ਼ੋਰਦਾਰ ਸਟੂਡੈਂਟ ਐਸੋਸਿਏਸ਼ਨ ਹੈ, ਜੋ ਵਿਦਿਆਰਥੀਆਂ ਨੂੰ ਆਪਣੀ ਪੜ੍ਹਾਈ ਤੋਂ ਵੱਧ ਤੋਂ ਵੱਧ ਫ਼ਾਇਦਾ ਉਠਾ ਸਕਣ ਅਤੇ ਇਸ ਅਮਲ ਵਿੱਚ ਉਨ੍ਹਾਂ ਨੂੰ ਪੂਰਾ ਆਨੰਦ ਲੈਣ ਵਿੱਚ ਸਹਾਇਤਾ ਕਰਨ ਲਈ ਕਾਇਮ ਕੀਤੀ ਗਈ ਹੈ। ਐਸੋਸਿਏਸ਼ਨ ਸਮਾਜਿਕ ਸਮਾਰੋਹ, ਵਿਦੇਸ਼ਾਂ ਵਿੱਚ ਟਰਿੱਪ ਲਿਜਾਉਣ, ਫੰਡ ਇੱਕਠੇ ਕਰਨੇ ਅਤੇ ਵਿਦਿਆਰਥੀਆਂ ਦੇ ਜੀਵਨ ਤੇ ਅਸਰ ਪਾਣ ਵਾਲੇ ਮੁੱਦਿਆਂ ਬਾਰੇ ਅੰਦੋਲਨਾ ਕਰਨ ਦਾ ਪ੍ਰਬੰਧ ਕਰਦੀ ਹੈ।

### ਕੋਰਸ

- ਸਾਡੇ ਕੋਰਸਾਂ ਦਾ ਰੁਝਾਨ ਵੋਕੇਸ਼ਨਲ (ਕਿੱਤਾ-ਮੁਖੀ) ਜਾਂ ਬਹੁਤ ਵਿਹਾਰਕ ਅੰਸ਼ ਦੇ ਨਾਲ ਕੰਮ ਨਾਲ ਜੁੜਿਆ ਹੋਇਆ ਹੈ, ਜਿਥੋਂ ਵਿਦਿਆਰਥੀ ਆਪਣੇ ਹੱਥਾਂ ਨਾਲ ਕੰਮ ਕਰਨ ਦੇ ਅਨੁਭਵ ਨੂੰ ਆਪਣੇ ਕੰਮ ਦੀ ਥਾਂ ਤੇ ਲੈਕੇ ਜਾਂਦੇ ਹਨ, ਅਤੇ ਆਪਣੇ ਨੌਕਰੀ ਦੇ ਭਵਿੱਖ ਦੀਆਂ ਸੰਭਾਵਨਾਵਾਂ ਨੂੰ ਵਧਾਉਂਦੇ ਹਨ।
- ਬਹੁਤੇ ਕੋਰਸਾਂ ਵਿੱਚ ਦਾਖ਼ਲ ਹੋਣ ਲਈ ਯੋਗਤਾ ਦੀਆਂ ਕਈ ਨਿਸਖਿਤ ਸ਼ਰਤਾਂ ਨਹੀਂ ਹਨ।
- ਸਾਡੀਆਂ ਯੋਗਤਾਵਾਂ ਯੂਨੀਵਰਸਿਟੀ ਦੇ ਡਿਗਰੀ ਪ੍ਰੋਗਰਾਮਾਂ ਦੇ ਦੂਜੇ ਜਾਂ ਤੀਜੇ ਸਾਲ ਵਿੱਚ ਜਾਣ ਲਈ ਤਬਾਦਲੇ ਦਾ ਇੱਕ ਵਧੀਆ ਰੂਟ ਉਪਲਬਧ ਕਰ ਸਕਦੀਆਂ ਹਨ।

**ਸਬਜੈਕਟ (ਵਿਸ਼ਾ) ਖੇਤਰ**

ਅਸੀਂ ਹੇਠਾਂ ਆਧੁਨਿਕ ਅਤੇ ਗੈਰ–ਆਧੁਨਿਕ ਕੋਰਸਾਂ ਦੀ ਇੱਕ ਵਿਆਪਕ ਰੇਂਜ ਪੇਸ਼ ਕਰਦੇ ਹਾਂ

- ਬਿਊਟੀ ਐਂਡ ਹੇਅਰ ਡਰੈਸਿੰਗ (ਸੁਦੰਰਤਾ ਅਤੇ ਵਾਲ–ਸ਼ਿੰਗਾਰ)
- ਬਿਜ਼ਨੈਸ ਅਤੇ ਕੰਪਿਊਟਿੰਗ
- ਉਸਾਰੀ ਅਤੇ ਇੰਜਨਿਅਰਿੰਗ
- ਡਿਜ਼ਾਈਨ, ਮੀਡੀਆ, ਸੰਗੀਤ ਅਤੇ ਪਰਫ਼ਾਰਮਿੰਗ ਆਰਟਸ (ਪ੍ਰਦਰਸ਼ਨ ਕਰਨ ਯੋਗ)
- ਸਿੱਖਿਆ, ਸਿਹਤ, ਸਮਾਜਿਕ ਦੇਖਭਾਲ ਅਤੇ ਸੋਸ਼ਿਲ ਸਾਇੰਸਿਸ
- ਸਾਇੰਸ
- ਪ੍ਰਾਹੁਣਚਾਰੀ, ਸੈਰ–ਸਪਾਟਾ ਅਤੇ ਖੇਡਾਂ
- ਸਹਾਇਤਾਕਾਰੀ ਸਿੱਖਿਆ ਪ੍ਰੋਗਰਾਮ

ਅਸੀਂ ਉੱਚ ਅਤੇ ਇੰਟਰਮੀਡਿਅਟ ਦੀ 1 ਅਤੇ 2 ਲੈਵਲਸ ਤੇ ਵਿਸ਼ਿਆਂ ਦੀ ਵਿਆਪਕ ਰੇਂਜ ਵਿੱਚ ਅਧਿਆਪਨ ਵੀ ਕਰਦੇ ਹਾਂ।

**ਅਧਿਐਨ ਦੇ ਲਚਕੀਲੇ ਢੰਗ**

- ਸਾਡੇ ਪੜ੍ਹਾਈ ਦੇ ਲਚਕੀਲੇ ਢੰਗ ਨਾਲ ਤੁਹਾਨੂੰ ਇਹ ਚੋਣ ਕਰਨ ਦੀ ਖੁਲ੍ਹ ਹੁੰਦੀ ਹੈ ਕਿ ਤੁਸੀਂ ਪਾਰਟ ਟਾਈਮ, ਪੂਰਾ ਸਮਾਂ, ਦਿਨ ਦੌਰਾਨ ਕੀਤੀ ਪੜ੍ਹਾਈ ਤੇ ਜਾਰੀ ਹੋ ਰਹੀ ਓਪਨ ਲਰਨਿੰਗ, ਆਨ ਲਰਨਿੰਗ, ਸ਼ਾਮ ਦੀ ਕਲਾਸਾਂ ਜਾਂ ਸਾਡੇ ਕਮਿਊਨਿਟੀ ਲਰਨਿੰਗ ਸੈਂਟਰ ਵਿਚੋਂ ਕਿਸੇ ਇੱਕ ਵਿੱਚ ਪੜ੍ਹ ਸਕਦੇ ਹੋ।
- ਵਿਯੋਗਤਾਵਾਂ ਦੀ ਵਿਆਪਕ ਰੇਂਜ ਦੇ ਉਪਲਬਧ ਹੋਣ ਨਾਲ ਤੁਸੀਂ ਓਹ ਕੋਰਸ ਵੀ ਕਰ ਸਕਦੇ ਹੋ ਜੋ ਕੁਝ ਹਫ਼ਤਿਆਂ ਦਾ ਜਾਂ ਇਸਦੀ ਮਿਆਦ ਦੋ ਸਾਲ ਹੋਵੇ।

**ਫੰਡ ਵਿੱਚ ਸਹਾਇਤਾ**

ਵਿਅਕਤੀਗਤ ਸਥਿਤੀਆਂ ਤੇ ਨਿਰਭਰ ਬੱਚੇ ਦੀ ਦੇਖਭਾਲ ਲਈ ਮਾਲੀ ਸਹਾਇਤਾ ਅਤੇ ਹਿਮਾਇਤ ਵੀ ਦਿੱਤੀ ਜਾ ਸਕਦੀ ਹੈ। ਵਿਦਿਆਰਥੀਆਂ ਨੂੰ ਧਨ ਦੀ ਸਹਾਇਤਾ ਬਾਰੇ, ਵਿਅਕਤੀਗਤ ਪੱਧਰ ਤੇ ਸਲਾਹ ਲੈਣੀ ਅਹਿਮ ਹੈ।

**ਸਹੂਲਤਾਂ ਅਤੇ ਸਾਧਨ**

ਕਾਲਜ ਨੇ ਨਵੀਂ ਤਕਨਾਲੋਜੀ ਵਿੱਚ ਬਹੁਤ ਪੂੰਜੀ ਲਾਈ ਹੈ ਜਿਸ ਨਾਲ ਵਿਦਿਆਰਥੀਆਂ ਨੂੰ ਉਪਲਬਧ ਅਤਿ ਆਧੁਨਿਕ ਨਵੀਂ ਹਾਰਡਵੇਅਰ ਅਤੇ ਸਾਫ਼ਟਵੇਅਰ ਤਕ ਪਹੁੰਚ ਮਿਲੀ ਹੈ। ਕੋਰਸ ਦਾ ਸਾਰਾ ਸਾਜ਼ੋ–ਸਾਮਾਨ ਪੂਰੀ ਤਰ੍ਹਾਂ ਆਧੁਨਿਕ ਹੈ ਅਤੇ ਕੰਮ ਦੀ ਜਗਹ ਤੇ ਸਨਅੱਤ ਦੇ ਮਾਪਦੰਡਾਂ ਦੇ ਬਰਾਬਰ ਹੈ।

ਜਦੋਂ ਪੜ੍ਹਾਈ ਵਿੱਚ ਸਹਾਇਤਾ ਦੀ ਲੋੜ ਪੈਂਦੀ ਹੈ ਤਾਂ ਤੁਸੀਂ ਭਰੋਸਾ ਰੱਖੋ, ਬਿਨਾਂ ਕਿਸੇ ਰੋਕ ਟੋਕ ਦੇ ਵਸੀਲਿਆਂ ਦੇ ਭਰਪੂਰ ਭੰਡਾਰ ਤਕ ਤੁਹਾਡੀ ਪਹੁੰਚ ਹੁੰਦੀ ਹੈ ਹਰ ਕੈਂਪਸ ਵਿੱਚ ਲਾਇਬਰੇਰੀਆਂ ਹਨ, ਜਿਥੇ ਤੁਹਾਨੂੰ ਕਿਤਾਬਾਂ ਮੈਗਜ਼ੀਨਾਂ, ਵਿਡੀਓਜ਼ ਅਤੇ CD-ROMs ਦਾ ਵਿਆਪਕ ਸੰਗ੍ਰਹਿ ਮਿਲੇਗਾ ਅਤੇ ਸਾਡੇ ਬਹੁਤ ਸਾਰੇ ਕੰਪਿਊਟਰਾਂ ਤੇ ਇੰਟਰਨੈਟ ਅਤੇ ਈ–ਮੇਲ ਤਕ ਤੁਹਾਡੀ ਪਹੁੰਚ ਤਾਂ ਹੁੰਦੀ ਹੀ ਹੈ ।

ਪ੍ਰਕਾਸ਼ਿਤ ਕਿਤਾਬਾਂ ਦਾ ਹਵਾਲਾ ਦੇਣ ਲਈ, ਫ਼ੋਟੋਕਾਪੀਅਰਜ਼ ਵਿਡੀਓ ਮਾਨੀਟਰਸ ਅਤੇ ਕੰਪਿਊਟਰੀਕ੍ਰਿਤ ਕੈਟਾਲਾਗਸ ਵੀ ਹਨ ਅਤੇ ਕੈਂਪਸ ਵਿੱਚ ਇਨ੍ਹਾਂ ਸਹੂਲਤਾਂ ਦੇ ਇਸਤੇਮਾਲ ਲਈ ਵਿਦਿਆਰਥੀਆਂ ਦਾ ਹਮੇਸ਼ਾ ਸੁਆਗਤ ਹੈ।

**ਹਾਲਜ਼ ਆਫ਼ ਰੈਜ਼ੀਡੈਂਸ (ਰਿਹਾਇਸ਼ ਲਈ ਹਾਲ)**

ਕਲਾਈਡ ਨਦੀ ਦੇ ਕਿਨਾਰੇ ਵਾਟਰਫਰੰਟ ਕੈਂਪਸ ਤੇ ਸਥਿਤ ਹਾਲਜ਼ ਆਫ਼ ਰੈਜ਼ੀਡੈਂਸ ਤੋਂ ਕਲਾਈਡ ਐਸਟਯੂਰੀ (ਜਵਾਰ ਦਹਾਨਾ) ਤੋਂ ਆਰਗਿਲ ਅਤੇ ਬਿਊਟ (Argyll and Bute) ਦੀਆਂ ਸੁੰਦਰ ਪਹਾੜੀਆਂ ਤਕ ਦਾ ਬਿਨਾਂ ਕਿਸੇ ਰੁਕਾਵਟ ਦੇ ਖੁਲ੍ਹਾ ਨਜ਼ਾਰਾ ਦਿਸਦਾ ਹੈ। ਇਨ੍ਹਾਂ ਰਿਹਾਇਸ਼ੀ ਹਾਲਾਂ ਵਿੱਚ 164 ਕਮਰੇ ਇੱਕ ਇੱਕਲੇ ਵਿਦਿਆਰਥੀ ਦੀ ਪੜ੍ਹਾਈ ਲਈ ਹਨ, ਜਿਨ੍ਹਾਂ ਵਿੱਚ 91 ਵਿੱਚ ਸਿਊਟ ਦੀਆਂ ਸਹੂਲਤਾਂ ਅਤੇ 15 ਵਿੱਚ ਅਪਾਹਿਜਾਂ ਦੀ ਪਹੁੰਚ ਦਾ ਪ੍ਰਬੰਧ ਹੈ। ਇਥੇ ਰਿਹਾਇਸ਼ ਨਾਲ ਵਿਦਿਆਰਥੀਆਂ ਨੂੰ ਆਪਣੀ ਆਜ਼ਾਦੀ ਦੇ ਨਾਲ ਨਾਲ ਘਰ ਵਰਗੀ ਸੁਰੱਖਿਆ ਵਾਲਾ ਮਾਹੌਲ ਮਿਲਦਾ ਹੈ। ਅੰਦਰ ਜਾਣ ਲਈ ਕੀਤੀ ਵਿਵਸਥਾ ਤੇ ਕੰਟਰੋਲ ਹੈ ਅਤੇ ਰਿਹਾਇਸ਼ੀ ਹਾਲਾਂ ਦੀ 24 ਘੰਟੇ ਨਿਗਰਾਨੀ ਕੀਤੀ ਜਾਂਦੀ ਹੈ ਅਤੇ CCTV ਕੈਮਰੇ ਵੀ ਲੱਗੇ ਹੋਏ ਹਨ।

ਕਾਲਜ ਵਿਸ਼ੇਸ਼ ਤੌਰ ਤੇ ਡੋਰੇ (ਜਿਨ੍ਹਾ ਦੀ ਸੁਣਨ ਸ਼ਕਤੀ ਨਹੀਂ) ਵਿਦਿਆਰਥੀਆਂ ਨੂੰ ਇਨ੍ਹਾਂ ਹਾਲਜ ਵਿੱਚ ਰਿਹਾਇਸ਼ ਦੇਣੀ ਚਾਹੁੰਦਾ ਹੈ ਅਤੇ ਇਸ ਉਦੇਸ਼ ਲਈ ਇਨ੍ਹਾਂ ਵਿਚੋਂ ਇੱਕ ਫਲੈਟ ਵਿੱਚ ਅੱਗ ਲਗਣ ਤੇ ਸੁਰੱਖਿਅਤ ਢੰਗ ਨਾਲ ਬਾਹਰ ਨਿਕਲਣ ਨੂੰ ਯਕੀਨੀ ਬਣਾਉਣ ਲਈ ਸੁਰੱਖਿਆ ਦਾ ਅਤਿ-ਆਧੁਨਿਕ ਸਾਜ਼ੋ-ਸਾਮਾਨ ਲਾਇਆ ਗਿਆ ਹੈ।

ਸੀਮਿਤ ਗਿਣਤੀ ਦੇ ਕੁਝ ਸੌਣ ਵਾਲੇ ਕਮਰੇ, ਪ੍ਰਾਹੁਣਿਆਂ ਲਈ ਰਾਤਾਂ ਦੇ ਆਧਾਰ ਤੇ ਉਪਲਬਧ ਕੀਤੇ ਜਾਂਦੇ ਹਨ, ਅਤੇ ਟਰਮ ਦੇ ਸ਼ੁਰੂ ਹੋਣ ਤੇ ਵਿਦਿਆਰਥੀਆਂ ਨੂੰ ਘਰ ਲਿਜਾਣ ਲਈ ਜੋ ਮਾਤਾ ਪਿਤਾ/ਗਾਰਡਿਅਨ ਉਨ੍ਹਾਂ ਨਾਲ ਆਉਂਦੇ ਹਨ, ਉਨ੍ਹਾਂ ਲਈ ਛੋਟ ਦੀ ਦਰ ਤੇ ਰਿਹਾਇਸ਼ ਮੁਹੱਈਆ ਕੀਤੀ ਜਾਂਦੀ ਹੈ।

**ਹੋਰ ਵੱਧ ਜਾਣਕਾਰੀ ਲਈ**

ਇਥੇ ਕਾਲ ਕਰੋ: 44(0)1475 724433
ਈ-ਮੇਲ: enquires@jameswatt.ac.uk
www.jameswatt.ac.uk ਵੈਬਸਾਈਟ ਤੇ ਆਉ।